# ਘੱਟ ਆਮਦਨ ਵਾਲੇ ਅਲਬਰਟਨਾਂ ਲਈ ਟ੍ਰਾਂਜ਼ਿਟ ਪਹੁੰਚ ਦਾ ਵਿਸਤਾਰ ਕਰਨਾ

26 ਸਤੰਬਰ, 2023ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਸੂਬੇ ਭਰ ਵਿੱਚ ਛੇ ਨਵੇਂ ਭਾਈਚਾਰਿਆਂ ਵਿੱਚ ਘੱਟ ਆਮਦਨੀ ਵਾਲੇ ਟ੍ਰਾਂਜ਼ਿਟ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਲਈ $1.7 ਮਿਲੀਅਨ ਪ੍ਰਦਾਨ ਕਰ ਰਹੀ ਹੈ।

ਬਹੁਤ ਸਾਰੇ ਅਲਬਰਟਾ ਵਾਸੀ ਕੰਮ 'ਤੇ, ਅਪੌਇੰਟਮੈਂਟਾਂ 'ਤੇ ਜਾਣ ਅਤੇ ਮਨੋਰੰਜਨ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵਿੱਚ ਮਦਦ ਲਈ ਜਨਤਕ ਟ੍ਰਾਂਜ਼ਿਟ 'ਤੇ ਨਿਰਭਰ ਕਰਦੇ ਹਨ। ਉੱਚ ਮੁਦਰਾਸਫੀਤੀ ਦਾ ਮੁਕਾਬਲਾ ਕਰਨ ਵਿੱਚ ਮਦਦ ਲਈ, ਅਲਬਰਟਾ ਦੀ ਸਰਕਾਰ ਨੇ ਘੱਟ ਆਮਦਨੀ ਵਾਲੇ ਅਲਬਰਟਾ ਵਾਸੀਆਂ ਨੂੰ ਟ੍ਰਾਂਜ਼ਿਟ ਸੇਵਾ ਤੱਕ ਵਧੇਰੇ ਕਿਫਾਇਤੀ ਪਹੁੰਚ ਪ੍ਰਦਾਨ ਕਰਨ ਲਈ ਫਰਵਰੀ ਵਿੱਚ ਵਾਧੂ ਫੰਡਿੰਗ ਸ਼ੁਰੂ ਕੀਤੀ।

ਐਡਮੰਟਨ ਅਤੇ ਕੈਲਗਰੀ ਤੋਂ ਇਲਾਵਾ, 10 ਅਲਬਰਟਾ ਭਾਈਚਾਰਿਆਂ ਕੋਲ ਘੱਟ ਆਮਦਨੀ ਵਾਲੇ ਟ੍ਰਾਂਜ਼ਿਟ ਪਾਸ ਹਨ। ਇਸ ਵਾਧੂ ਫੰਡਿੰਗ ਦੇ ਨਾਲ ਅਤੇ ਟ੍ਰਾਂਜ਼ਿਟ ਵਿੱਚ ਵਿੱਤੀ ਰੁਕਾਵਟਾਂ ਨੂੰ ਘਟਾਉਣ ਲਈ, ਕੈਮਰੋਜ਼, ਹਿੰਟਨ, ਲੈਡਕ, ਲੇਥਬ੍ਰਿਜ, ਰੈੱਡ ਡੀਅਰ ਅਤੇ ਸਪ੍ਰੂਸ ਗਰੋਵ ਵਿੱਚ ਘੱਟ ਆਮਦਨੀ ਵਾਲੇ ਅਲਬਰਟਨ ਹੁਣ ਘੱਟ ਆਮਦਨੀ ਵਾਲੇ ਟ੍ਰਾਂਜ਼ਿਟ ਪਾਸ ਲਈ ਅਰਜ਼ੀ ਦੇ ਸਕਣਗੇ।

"ਬਹੁਤ ਸਾਰੇ ਅਲਬਰਟਨ ਰੋਜ਼ਾਨਾ ਦੇ ਅਧਾਰ 'ਤੇ ਜਨਤਕ ਟ੍ਰਾਂਜ਼ਿਟ 'ਤੇ ਨਿਰਭਰ ਕਰਦੇ ਹਨ। ਘੱਟ ਆਮਦਨੀ ਵਾਲੇ ਟ੍ਰਾਂਜ਼ਿਟ ਪਾਸਾਂ ਦਾ ਵਿਸਤਾਰ ਕਰਨ ਲਈ ਇਹ ਨਵੇਂ ਸਮਝੌਤੇ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਆਸਾਨੀ ਨਾਲ ਅਤੇ ਜਿਆਦਾ ਖਰਚਾ ਕੀਤੇ ਬਿਨਾਂ ਜਾਣ ਵਿੱਚ ਮਦਦ ਕਰਨਗੇ।"

*ਜੇਸਨ ਨਿਕਸਨ, ਸੀਨੀਅਰਜ਼, ਕਮਿਊਨਿਟੀ ਅਤੇ ਸੋਸ਼ਲ ਸਰਵਿਸਿਜ਼ ਮੰਤਰੀ*

ਫੰਡਿੰਗ ਘੱਟ-ਆਮਦਨ ਵਾਲੇ ਟ੍ਰਾਂਜ਼ਿਟ ਪ੍ਰੋਗਰਾਮ ਨੂੰ ਸਬਸਿਡੀ ਦੇਣ ਦੀ ਮਿਉਂਸਪੈਲਿਟੀ ਦੀ ਲਾਗਤ ਨੂੰ ਪੂਰੀ ਤਰ੍ਹਾਂ ਕਵਰ ਕਰੇਗੀ, ਜਿਸ ਵਿੱਚ ਪ੍ਰਸ਼ਾਸਨ ਦੇ ਖਰਚਿਆਂ ਲਈ ਵਾਧੂ 10 ਪ੍ਰਤੀਸ਼ਤ ਸ਼ਾਮਲ ਹੈ। ਕਮਿਊਨਿਟੀਆਂ ਇਸ ਫੰਡਿੰਗ ਤੱਕ ਕਿਵੇਂ ਪਹੁੰਚ ਸਕਦੀਆਂ ਹਨ ਇਸ ਬਾਰੇ ਵੇਰਵੇ ਸਿੱਧੇ ਯੋਗ ਨਗਰ ਪਾਲਿਕਾਵਾਂ ਨਾਲ ਸਾਂਝੇ ਕੀਤੇ ਜਾਣਗੇ।

"ਸਿਟੀ ਆਫ਼ ਕੈਮਰੋਜ਼ ਨੇ ਪਿਛਲੇ ਅੱਠ ਸਾਲਾਂ ਤੋਂ ਭਾਈਚਾਰੇ ਨੂੰ ਟ੍ਰਾਂਜ਼ਿਟ ਦੇ ਵਿਕਲਪ ਪ੍ਰਦਾਨ ਕੀਤੇ ਹਨ। ਅਸੀਂ ਸਾਡੇ ਪ੍ਰੋਗਰਾਮ, ਜੋ ਸਾਡੇ ਨਾਗਰਿਕਾਂ ਲਈ ਟ੍ਰਾਂਜ਼ਿਟ ਨੂੰ ਹੋਰ ਕਿਫਾਇਤੀ ਬਣਾਉਣ ਵਿੱਚ ਸਹਾਇਤਾ ਕਰਦਾ ਹੈ, ਵਿੱਚ ਅਲਬਰਟਾ ਸਰਕਾਰ ਦੇ ਯੋਗਦਾਨ

ਦੀ ਸ਼ਲਾਘਾ ਕਰਦੇ ਹਾਂ। ਅਸੀਂ ਸੰਭਾਵੀ ਤੌਰ 'ਤੇ ਖੇਤਰੀ ਟ੍ਰਾਂਜ਼ਿਟ ਪ੍ਰਣਾਲੀ ਦੀ ਸਹੂਲਤ ਲਈ ਭਵਿੱਖ ਵਿੱਚ ਆਪਣੇ ਗੁਆਂਢੀਆਂ ਅਤੇ ਸੂਬੇ ਨਾਲ ਕੰਮ ਕਰਨ ਦੀ ਉਮੀਦ ਰੱਖਦੇ ਹਾਂ।

*ਪੀਜੇ ਸਟੈਸਕੋ, ਮੇਅਰ, ਕੈਮਰੋਜ਼ ਸਿਟੀ*

# ਮੁੱਖ ਤੱਥ

- ਪੂਰੇ ਸੂਬੇ ਵਿੱਚ ਘੱਟ ਆਮਦਨੀ ਵਾਲੇ ਟ੍ਰਾਂਜ਼ਿਟ ਪਾਸਾਂ ਲਈ $14 ਮਿਲੀਅਨ ਤੋਂ ਵੱਧ ਪਹਿਲਾਂ ਹੀ ਅਲਾਟ ਕੀਤੇ ਜਾ ਚੁੱਕੇ ਹਨ, ਜਿਸ ਵਿੱਚ ਕੈਲਗਰੀ ਅਤੇ ਐਡਮੰਟਨ ਲਈ ਆਪਣੇ ਪ੍ਰੋਗਰਾਮਾਂ ਨੂੰ ਚਲਾਉਣ ਲਈ $6 ਮਿਲੀਅਨ ਵੀ ਸ਼ਾਮਲ ਹਨ।

# ਸੰਬੰਧਿਤ ਖਬਰਾਂ

- ਲੋੜਵੰਦ ਅਲਬਰਟਾ ਵਾਸੀਆਂ ਨੂੰ ਪੁਆਇੰਟ A ਤੋਂ ਪੁਆਇੰਟ B ਤੱਕ ਜਾਣ ਵਿੱਚ ਮਦਦ ਕਰਨਾ (2 ਫਰਵਰੀ, 2023)

# ਮਲਟੀਮੀਡੀਆ

- ਨਿਊਜ਼ ਕਾਨਫਰੰਸ ਸੁਣੋ

# ਮੀਡੀਆ ਪੁੱਛਗਿੱਛ


## Heather Barlow (ਹੈਦਰ ਬਾਰਲੋ)

780-245-0421
Press Secretary, Community and Social Services (ਪ੍ਰੈੱਸ ਸਕੱਤਰ, ਕਮਿਊਨਿਟੀ ਅਤੇ ਸੋਸ਼ਲ ਸਰਵਿਸਿਜ਼)